ਸਭ ਹੱਕ ਰਾਖਵੇਂ ਹਨ ।

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਕਲਮ ਦੀ ਕਰਾਮਾਤ

ਕ੍ਰਿਤ-

**ਡਾਕਟਰ ਬਲਬੀਰ ਸਿੰਘ**

ਬੀ. ਐਸ. ਸੀ., ਡੀ. ਆਈ. ਸੀ., ਪੀ. ਐਚ. ਡੀ. (ਲੰਡਨ),

ਅੰਮ੍ਰਿਤਸਰ ।

KHALSA SAMACHAR
PRICE 3/-
BOUND
AMRITSAR

ਮਈ ੧੯੪੪

ਮਿਲਣ ਦਾ ਪਤਾ:-

ਮੈਨੇਜਰ ਖ਼ਾਲਸਾ ਸਮਾਚਾਰ, ਹਾਲ ਬਜ਼ਾਰ ਅੰਮ੍ਰਿਤਸਰ

ਭੇਟਾ ੨) ਬਿਨਾਂ ਜਿਲਦ ।

ALL RIGHTS RESERVED.

Printed by S. Bhupindra Singh B.A., LL.B,
at The Wazir-i-Hind Press, situated at
Hall Bazar Amritsar and Published by
Bh. Indar Singh Manager
Khalsa Samachar, Amritsar.

੮੯੮.੪੨੪
ਬ ੭੪ ੨
30165

# ਬੇਨਤੀ

ਡਾਕਟਰ ਬਲਬੀਰ ਸਿੰਘ ਜੀ ਪੱਛਮੀ ਤੇ ਪੂਰਬੀ ਸਾਹਿਤਜ ਦੇ ਅਪੂਰਵ ਵਿਦਵਾਨ ਹੋਣ ਦੇ ਨਾਲ ਹੀ ਜਾਦੂ ਨਿਗਾਰ ਕਲਮ ਦੇ ਧਨੀ ਹਨ। ਆਪ ਦੀ ਲਿਖਤ ਵਿਚ ਖੋਜ, ਇਤਿਹਾਸ, ਸਾਹਿਤਕ ਸੁਨਹਿਰੀ ਕਿਣਕੇ ਉਤਸ਼ਾਹ-ਉਮਾਹ ਦੇ ਨਾਲ ਹੀ ਹਾਸ ਰਸ ਦੀ ਇੰਨੀ ਸ਼ੋਖੀ ਹੁੰਦੀ ਹੈ ਕਿ ਡੂੰਘੇ ਤੋਂ ਡੂੰਘੇ ਫਿਲਸਫਾਨਾ ਖਿਆਲ ਪੜ੍ਹਨ ਤੇ ਸਮਝਣ ਵਿਚ ਦਿਲ ਨਹੀਂ ਉਕਤਾਉਂਦਾ ਤੇ ਨਾ ਹੀ ਘਬਰਾਉਂਦਾ ਹੈ ਤੇ ਹਰ ਇਕ ਚੀਜ਼ ਦਿਲ ਤੇ ਦਿਮਾਗ਼ ਵਿਚ ਸੁਤੇ ਹੀ ਅਸਰ ਕਰਦੀ ਚਲੀ ਜਾਂਦੀ ਹੈ। ਇਹ ਪੁਸਤਕ ਆਪ ਦੇ ਲੇਖਾਂ ਦਾ ਸੰਗ੍ਰਹ ਪਾਠਕਾਂ ਦੀ ਭੇਟਾ ਹੈ। ਏਹ ਲੇਖ ਵੱਖੋ ਵੱਖ ਵੇਲਿਆਂ ਉਪਰ ਖਾਲਸਾ ਸਮਾਚਾਰ ਵਿਚ ਛਪਦੇ ਰਹੇ ਹਨ ਤੇ ਕਈ ਵੇਰ ਪੈਂਫਲਟ ਤੇ ਟ੍ਰੈਕਟਾਂ ਦੀ ਸ਼ਕਲ ਵਿਚ ਵੀ ਨਿਕਲ ਚੁਕੇ ਹਨ ਪਰ ਪਬਲਕ ਦੀ ਤੀਬ੍ਰ ਅਭਿਲਾਖਾ ਇਨ੍ਹਾਂ ਸਾਰੀਆਂ ਲਿਖਤਾਂ ਨੂੰ ਇਕ ਪੁਸਤਕ ਰੂਪ ਵਿਚ ਦੇਖਣ ਦੀ ਇਛਾਵਾਨ ਸੀ, ਜਿਸ ਮੰਗ ਨੂੰ ਪੂਰਾ ਕਰਨ ਲਈ ਇਹ ਪੋਥੀ ਆਪ ਦੇ ਕਰ ਕਮਲਾਂ ਵਿਚ ਹੈ।

ਇਸ ਵਿਚ ਆਏ ਤਿੰਨ ਲੇਖਾਂ ਵਿਖੇ ਐਸਾ ਮਸਾਲਾ ਹੈ ਜੋ ਰੇਡੀਓ ਸਟੇਸ਼ਨ ਦਿੱਲੀ ਅਤੇ ਲਾਹੌਰ ਤੋਂ ਬ੍ਰਾਡਕਾਸਟ ਹੋ ਚੁਕਾ ਹੈ। ਅਸੀਂ ਆਲ ਇੰਡੀਆ ਰੇਡੀਓ ਦੇ ਸਟੇਸ਼ਨ ਡਾਇਰੈਕਟਰਾਂ ਦੇ ਧੰਨਜਵਾਦੀ ਹਾਂ ਜਿਨ੍ਹਾਂ ਦੀ ਆਗਜ਼ਾ ਨਾਲ ਇਹ ਤ੍ਰੈਏ ਲੇਖ ਇਸ ਸੈਂਚੀ ਵਿਚ ਪ੍ਰਕਾਸ਼ਤ ਹੋ ਰਹੇ ਹਨ।

ਓਹ ਤਿੰਨ ਲੇਖ ਇਹ ਹਨ:—

ਸ੍ਰੀ ਗੁਰੂ ਨਾਨਕ ਦੇਵ ਜੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਕਲਾ ਕੌਸ਼ਲ ਦੀ ਕੁਠਾਲੀ)।

ਪੰਜਾਬੀ ਦੀ ਰਮਜ਼ ਭਰੀ ਕਵਿਤਾ ਦਾ ਦੂਜਾ ਅੰਕ।

ਇਸ ਪੁਸਤਕ ਵਿਚ ਆਏ ਸਾਰੇ ਲੇਖ ਜਿਨ੍ਹਾਂ ਤਰੀਕਾਂ ਸਿਰ ਖਾਲਸਾ ਸਮਾਚਾਰ ਵਿਚ ਛਪੇ ਉਨ੍ਹਾਂ ਦਾ ਵੇਰਵਾ ਇਹ ਹੈ:—

| | |
|---|---|
| ੧. ਕਲਮ ਦੀ ਕਰਾਮਾਤ। | ੩੦—੧੨—੪੩ |
| ੨. ਸਿੱਖੀ ਮੰਡਲ ਵਿਚ ਇਸਤ੍ਰੀ ਦਾ ਦਰਜਾ। | ੬—੧—੩੯ |
| ੩. ਸ੍ਰੀ ਗੁਰੂ ਨਾਨਕ ਦੇਵ ਜੀ। | ੨੦—੧੧—੪੧ |
| ੪. ਸੁਖ-ਦੁਖ। | ੨੭—੯—੩੪ |
| ੫. ਸ੍ਰੀ ਗੁਰੂ ਅਰਜਨ ਦੇਵ ਜੀ। | ੨੨—੭—੪੩ |
| ੬. ਉਪਕਾਰ ਭਗਤੀ। | ੧੧—੧੦—੩੪ |
| ੭. ਕਲਾ ਕੌਸ਼ਲ ਦੀ ਕੁਠਾਲੀ। | ੫—੨—੪੨ |
| ੮. ਆਦਰਸ਼ ਦੀ ਸ਼ਕਤੀ। | ੧੦—੧—੩੫ |
| ੯. ਕਰਮ ਨਾਮ। | ੨੧—੧—੩੭ |
| ੧੦. ਪੰਜਾਬੀ ਦੀ ਰਮਜ਼ ਭਰੀ ਕਵਿਤਾ। | ੧੨—੩—੩੬ ਤੇ ੨੨—੧—੪੨ |
| ੧੧. ਮਜ਼੍ਹਬ ਵਿਚ ਦਖਲ | ਮਈ ੧੯੩੬ |

ਦਾਸ—ਮੈਨੇਜਰ ਖਾਲਸਾ ਸਮਾਚਾਰ



੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# ੧. ਕਲਮ ਦੀ ਕਰਾਮਾਤ।

ਬਹਾਦਰ ਸ਼ਾਹ ਬਾਦਸ਼ਾਹ ਦੀ ਸਭਾ ਹੈ, ਦਰਬਾਰੀ ਅੱਜ ਵਧੀਕ ਅਦਬ ਨਾਲ ਗਰਦਨ ਝੁਕਾਏ ਬੈਠੇ ਹਨ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮੌਜੂਦ ਹਨ। ਕੁਛ ਪ੍ਰਸ਼ਨ ਉੱਤਰ ਹੋ ਰਹੇ ਹਨ। ਇਕ ਸੱਯਦ ਨੇ ਗੁਰੂ ਜੀ ਅੱਗੇ ਕਰਾਮਾਤ ਬਾਬਤ ਸਵਾਲ ਕੀਤਾ ਤਾਂ ਸਾਹਿਬਾਂ ਉੱਤਰ ਦਿਤਾ: ਕਰਾਮਾਤ ਬਹਾਦਰ ਸ਼ਾਹ ਦੇ ਮੂੰਹ ਵਿਚ ਵਸਦੀ ਹੈ। ਇਸ ਮੂੰਹ ਦਾ ਇਕ ਲਫਜ਼ ਗ੍ਰੀਬ ਤੋਂ ਅਮੀਰ ਬਣਾ ਦੇਂਦਾ ਹੈ, ਜੀਉਂਦੇ ਨੂੰ ਮਰਵਾ ਦੇਂਦਾ ਹੈ, ਅਪ੍ਰਾਧੀ ਦੀ ਜਾਨ ਬਖਸ਼ ਸਕਦਾ ਹੈ*। ਸੱਯਦ ਏਸ ਉੱਤਰ ਨਾਲ ਖਿਝ ਗਿਆ। ਉਸ ਕਿਹਾ, ਕੀ ਤੁਹਾਡੇ ਪਾਸ ਵੀ ਕੋਈ ਕਰਾਮਾਤ ਹੈ? ਗੁਰੂ ਜੀ ਨੇ ਜੇਬ ਵਿਚੋਂ ਇਕ ਅਸ਼ਰਫੀ ਕੱਢੀ, ਫੇਰ ਕਿਹਾ, ਦੂਜੀ ਕਰਾਮਾਤ ਇਹ ਮੋਹਰ ਹੈ†। ਸੱਯਦ ਝੁੰਜਲਾ ਗਿਆ, ਇਸ ਮਖ਼ੌਲ ਨੇ ਉਸ ਨੂੰ

*ਮਾਰਹਿ ਬਖਸ਼ਹਿ ਦੇਰਿ ਬਿਹੀਨਾ॥
ਤਿਸ ਮੁਖ ਮਹਿ ਲਖ ਅਜ਼ਮਤ ਪੀਨਾ॥ [ਸੂਰਜ ਪ੍ਰਕਾਸ਼ ੬੨੦੫

†ਪਿਖ ਦੀਨਾਰ ਜੁ ਹਾਥ ਹਮਾਰੇ॥
ਇਹੁ ਅਜ਼ਮਤ ਲਿਹੁ ਦੁਤੀ ਬਿਚਾਰੇ॥ [ਸੂ: ੫:

ਛਿੱਥਿਆਂ ਪਾ ਦਿੱਤਾ। ਗੁਰੂ ਜੀ ਨੇ ਕਿਹਾ, ਦੇਖੋ ਸੱਯਦ ਸਾਹਿਬ! ਇਹ ਦੀਨਾਰ ਵੱਡੀ ਕਰਾਮਾਤ ਹੈ, ਏਸੇ ਦੀ ਖ਼ਾਤਰ ਲੋਕ ਲੜਦੇ ਹਨ। ਫੇਰ, ਜਿਸਨੂੰ ਇਸ ਦਾ ਲੋਭ ਦਿਓ ਉਸੇ ਨੂੰ ਲੜਾਈ ਵਿਚ ਮਰਵਾ ਲਓ। ਸੱਯਦ ਗੁਸੇ ਨਾਲ ਲਾਲ ਪੀਲਾ ਹੋ ਗਿਆ, ਪਰ ਕੁਛ ਕਹਿ ਨਾਂ ਸਕਿਆ। ਫੇਰ ਜ਼ਰਾ ਠੰਢਾ ਹੋਕੇ ਬੋਲਿਆ, ਤੁਹਾਡੇ ਕੋਲ ਕੋਈ ਆਪਣੀ ਕਰਾਮਾਤ ਬੀ ਹੈ* ?

ਇਸ ਦਾ ਗੁਰੂ ਜੀ ਨੇ ਕੀ ਉੱਤਰ ਦਿੱਤਾ ? ਸੂਤਕੇ ਮਿਆਨ ਵਿਚੋਂ ਤਲਵਾਰ ਖਿੱਚੀ। ਸਾਰੇ ਹੱਕੇ ਬੱਕੇ ਰਹਿ ਗਏ। ਸ਼ਾਹੀ ਦਰਬਾਰ ਦੇ ਅਦਬ ਲਿਹਾਜ਼ ਦੇ ਕਾਇਦਿਆਂ ਅਨੁਸਾਰ ਸਭਾ ਵਿਚ ਬੈਠਿਆਂ ਕਿਸੇ ਦਾ ਤਲਵਾਰ ਨੂੰ ਨੰਗਿਆਂ ਕਰ ਸਕਣਾ ਇਕ ਅਨਹੋਣੀ ਜੇਹੀ ਗਲ ਸੀ, ਪਰ ਗੁਰੂ ਜੀ ਦੇ ਰੋਅਬ ਦਾਬ ਅੱਗੇ ਬਾਦਸ਼ਾਹ ਖ਼ੁਦ ਝੁਕਦਾ ਸੀ। ਸਾਰਿਆਂ ਦੇ ਮੂੰਹ ਫਿੱਕੇ ਪੈ ਗਏ, ਕਈਆਂ ਦੇ ਘਬਰਾ ਨਾਲ, ਬਾਕੀਆਂ ਦੇ ਤਲਵਾਰ ਦੀ ਚਮਕ ਨਾਲ, ਜਿਸਦੀ ਬਿਜਲੀ ਦਮਕ ਉਪਰ ਕਿਸੇ ਦੀ ਅੱਖ ਟਿਕਦੀ ਨਹੀਂ ਸੀ†।

---

*ਸੁਨਿ ਸੱਯਦ ਬੋਲਯੋ ਤਜਿ ਮੌਨ।
ਤੁਮ ਮਹਿ ਕਰਾਮਾਤ ਹੈ ਕੌਨ ? [ਸੂ: ਪ੍ਰ:
†ਸੁਨਿ ਸਤਿਗੁਰ ਸ਼ਮਸ਼ੇਰ ਨਿਕਾਸੀ।
ਸਭ ਮਹਿ ਛਟਾ ਸਮਾਨ ਪ੍ਰਕਾਸ਼ੀ।
ਤਤਛਿਨ ਬਦਨ ਪੀਤ ਹੁਇ ਗਏ।
ਲੋਚਨ ਸਮੁਖ ਨ ਕਰਤੇ ਭਏ ॥ [ਸੂਰਜ ਪ੍ਰਕਾਸ਼



ਗੁਰੂ ਜੀ ਨੇ ਅਪਣੀ ਤਲਵਾਰ ਵੱਲ ਇਸ਼ਾਰਾ ਕਰਕੇ ਕਿਹਾ, ਸੱਯਦ ਸਾਹਿਬ! ਇਹ ਹੈ ਸਾਡੀ ਕਰਾਮਾਤ, ਇਹ ਤੇਰਾ ਸਿਰ ਧੜ ਤੋਂ ਜੁਦਾ ਕਰ ਸਕਦੀ ਹੈ। ਇਕ ਛਿਨ ਵਿਚ, ਏਸ ਤਰ੍ਹਾਂ ਤੇਰੇ ਸਾਰੇ ਸ਼ੰਕੇ ਮਿਟ ਜਾਣ! ਕੀ ਇਹ ਕਰਾਮਾਤ* ਨਹੀਂ ?

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਤਲਵਾਰ ਦੇ ਧਨੀ ਸੇ, ਕਵੀਆਂ ਨੇ ਉਨ੍ਹਾਂ ਦੀ ਤੇਗ਼ ਉਪਰ ਅਨੇਕ ਪ੍ਰਕਾਰ ਦੀਆਂ ਉਪਮਾਂ ਬੰਨ੍ਹੀਆਂ ਹਨ। ਇਕ ਝਗੜਾਲੂ ਦਾ ਬੇ-ਅਦਬ ਮੂੰਹ ਬੰਦ ਕਰਾ ਸਕਣ ਤੋਂ ਇਲਾਵਾ, ਉਸ ਵੇਲੇ ਦੇ ਲੇਖਕਾਂ ਨੇ ਉਨ੍ਹਾਂ ਦੀ ਤਲਵਾਰ ਦੇ ਅਨੇਕਾਂ ਕਰਤੱਵ ਗਿਣੇ ਹਨ। ਹੰਸ ਰਾਮ ਇਕ ਹਜ਼ੂਰੀ ਕਵੀ ਨੇ ਆਖ਼ਰ ਦੀ ਗੱਲ ਕਹਿ ਦਿਤੀ ਜਿਸ ਵੇਲੇ ਉਸ ਨੇ ਤਲਵਾਰ ਨੂੰ ਕਲਪ ਬ੍ਰਿਛ ਨਾਲ ਜਾ ਮਿਲਾਇਆ। ਇਸ ਕਵੀ ਦੇ ਖਿਆਲ ਮੂਜਬ ਇਹ ਤਲਵਾਰ ਹਰ ਕਿਸੇ ਦੀ ਇੱਛਾ ਪੂਰਕ ਹੈ। ਇਹ ਤਲਵਾਰ ਅਪਵਿਤ੍ਰ ਕਾਇਰਾਂ ਦੀ ਜਾਨ ਬਖਸ਼ੀ ਦੀ ਬੇਨਤੀ ਮਨਜ਼ੂਰ ਕਰਦੀ ਹੈ, ਇਹ ਤਲਵਾਰ ਪਵਿਤ੍ਰ ਬਹਾਦਰਾਂ ਦੀ ਇੱਜ਼ਤ ਵਧਾ-ਉਂਦੀ ਹੈ। ਇਹ ਤਲਵਾਰ ਹਰ ਕਿਸੇ ਨੂੰ ਮੂੰਹ ਮੰਗੀ ਮੁਰਾਦ ਦੇਣ

---

*ਤੇਜ ਦਿਪਤ ਸ੍ਰੀ ਮੁਖ ਤੇ ਕਹੈਂ।
ਇਹ ਭੀ ਕਰਾਮਾਤ ਇਕ ਅਹੈ॥
ਅਬ ਹੀ ਸਿਰ ਉਤਾਰ ਕਰ ਤੇਰਾ।
ਫਲ ਸ਼ਾਖਾ ਸਮ ਦੇ ਧਰ ਗੇਰਾ॥
ਪੁਨਹਿ ਜੁਵਾਬ ਸੁਵਾਲ ਨ ਹੋਵੈ।
ਜੀਵਨ ਬਾਦ ਬਾਦ ਕਰ ਖੋਵੈਂ ॥ [ਸੂਰਜ ਪ੍ਰਕਾਸ਼

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.